Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਸ਼ਾਹਮੁਖੀ ਤੇ ਗੁਰਮੁਖੀ ਦੇ ਰੂਪ ਵਿੱਚ ਪੰਜਾਬੀ ਭਾਸ਼ਾ ਦਾ ਮੁਹਾਂਦਰਾ



| ਤਿਆਰ ਕਰਤਾ<br>ਹਰਜਿੰਦਰ ਕੌਰ<br>ਪੰਜਾਬੀ ਖੋਜ ਵਿਦਿਆਰਥੀ<br>(ਸੀ.ਟੀ.ਯੂਨੀਵਰਸਿਟੀ ਲੁਧਿਆਣਾ) | ਸਹਾਇਕ ਪ੍ਰੋਫੈਸਰ<br>ਡਾ. ਲਖਵਿੰਦਰ ਕੌਰ<br>(ਸੀ.ਟੀ.ਯੂਨੀਵਰਸਿਟੀ ਲੁਧਿਆਣਾ) |
|---|---|

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਸ਼ਾਹਮੁਖੀ ਤੇ ਗੁਰਮੁਖੀ ਦੇ ਰੂਪ ਵਿੱਚ ਪੰਜਾਬੀ ਭਾਸ਼ਾ ਦਾ ਮੁਹਾਂਦਰਾ

ਪੰਜਾਬੀ ਭਾਸ਼ਾ ਅਜੋਕੇ ਸਮੇਂ ਵਿੱਚ ਸ਼ਾਹਮੁਖੀ ਤੇ ਗੁਰਮੁਖੀ ਦੋ ਲਿਪੀਆਂ ਵਿੱਚ ਪ੍ਰਚਲਿਤ ਹੈ।ਪਰ ਇਸ ਦਾ ਇਹ ਰੂਪ ਹਮੇਸ਼ਾ ਅਜਿਹਾ ਨਹੀਂ ਰਿਹਾ, ਪੰਜਾਬੀ ਭਾਸ਼ਾ ਦਾ ਮੁਹਾਂਦਰਾ ਵੀ ਉਵੇਂ ਹੀ ਬਦਲਦਾ ਰਿਹਾ ਜਿਵੇਂ ਕਿ ਪੰਜਾਬ ਦਾ।ਪੰਜਾਬ ਵਿੱਚ ਅਨੇਕਾਂ ਹਮਲਾਵਾਰ ਆਏ ਇੱਥੇ ਅਨੇਕਾਂ ਵਿਦੇਸ਼ੀ ਲੋਕਾਂ ਨੇ ਆਪਣਾ ਰਾਜ ਕਾਇਮ ਕੀਤਾ।ਉਸੇ ਤਰ੍ਹਾਂ ਹੀ ਇਸ ਭਾਸ਼ਾ ਵਿੱਚ ਵੀ ਅਨੇਕਾਂ ਸ਼ਬਦ ਸਮਾ ਗਏ। ਹੁਣ ਇਹ ਭਾਸ਼ਾ ਗੁਰਮੁਖੀ ਤੇ ਸ਼ਾਹਮੁਖੀ ਲਿਪੀਆਂ ਵਿੱਚ ਜਾਣੀ ਜਾਦੀ ਹੈ।ਪਰ ਇਸ ਦੇ ਇਸ ਮੁਹਾਂਦਰੇ ਬਾਰੇ ਜਾਣਨ ਤੋਂ ਪਹਿਲਾਂ ਸਾਨੂੰ ਪੰਜਾਬੀ ਭਾਸ਼ਾ ਦੇ ਪਿਛੋਕੜ ਬਾਰੇ ਵੀ ਜਾਣ ਲੈਣਾ ਜ਼ਰੂਰੀ ਹੈ।

ਹਿੰਦੋਸਤਾਨ ਜੋ ਕਿ ਕੁਦਰਤ ਦਾ ਸੁੰਦਰ ਨਮੂਨਾ ਹੈ ਇਥੋਂ ਦੇ ਉਚ ਇਲਾਕਿਆਂ ਵਿੱਚ ਪਹਿਲਾਂ ਆਰੀਆ ਲੋਕ ਆ ਕੇ ਵਸ ਗਏ ਜਿਨ੍ਹਾਂ ਨੇ ਇਥੋਂ ਦੇ ਵਸਨੀਕਾਂ ਨੂੰ ਹੇਠਲੇ ਇਲਾਕਿਆਂ ਵਿੱਚ ਭੇਜ ਦਿੱਤਾ।ਪੰਜਾਬੀ ਇੱਕ ਆਰੀਅਨ ਭਾਸ਼ਾਂ ਹੈ ਜਿਸਦਾ ਸੰਬੰਧ ਭਾਰੋਪੀ ਪਰਿਵਾਰ ਨਾਲ ਹੈ। ”ਪਿੰ. ਤੇਜਾ ਸਿੰਘ ਸਾਹਿਤ ਦਰਸ਼ਨ ਵਿੱਚ ਲਿਖਦੇ ਹਨ ਕਿ ਪੰਜਾਬ ਦੇ ਦਰਿਆਵਾਂ ਦੇ ਕਿਨਾਰਿਆਂ ਤੇ ਹੀ ਵੇਦ ਸ਼ਾਸ਼ਤਰ ਲਿਖੇ ਗਏ।ਰਿਗਵੇਦ ਦਾ ਕਰਤਾ ਵੇਦ ਵਿਆਸ ਜਿਸ ਦੇ ਨਾਉਂ ਤੇ ਹੀ ਬਿਆਸ ਦਰਿਆ ਦਾ ਨਾਂ ਪੈ ਗਿਆ ਉਨ੍ਹਾਂ ਨੇ ਵੇਦ ਲਿਖੇ ਇਸ ਲਈ ਪ੍ਰਾਚੀਨ ਦਾ ਪਹਿਲਾ ਰੂਪ ਵੈਦਿਕ-ਸੰਸਕ੍ਰਿਤ ਸਵਿਕਾਰ ਕੀਤਾ ਜਾਂਦਾ ਹੈ।”[1]

”ਪੰਜਾਬੀ ਦਾ ਇਤਿਹਾਸ ਹਜ਼ਾਰਾ ਵਰ੍ਹੇ ਪੁਰਾਣਾ ਹੈ।ਇਸ ਹਿਸਾਬ ਨਾਲ ਪੰਜਾਬੀ ਦੇ ਪੁਸ਼ਤੈਨੀ ਵਿਰਸੇ ਦੀ ਉਮਰ ਲਗਭਗ ਤਿੰਨ ਮਲੇਨੀਅਮ ਬਣ ਜਾਂਦੀ ਹੈ। ਪਰ ਪੰਜਾਬੀ ਭਾਸ਼ਾ ਆਪਣੇ ਆਧੁਨਿਕ ਰੂਪ ਵਿੱਚ ਲਗਭਗ ਇੱਕ ਮਿਲੇਨੀਅਮ ਪਹਿਲਾਂ ਹੀ ਨਿੱਖਰ ਕੇ ਪੇਸ਼ੇ ਨਜ਼ਰ ਹੁੰਦੀ ਹੈ। ਪੰਜਾਬੀ ਹੀ ਨਹੀਂ ਸਗੋਂ ਆਧੁਨਿਕ ਆਰੀਆ ਭਾਸ਼ਾਵਾਂ ਦਾ ਉਥਾਨ 11ਵੀਂ 12 ਵੀਂ ਸਦੀ ਵਿੱਚ ਹੀ ਹੋ ਮੰਨਿਆਂ ਜਾਂਦਾ

ਹੈ।"[2] ਜਿਵੇਂ -ਜਿਵੇਂ ਪੰਜਾਬ ਦਾ ਇਤਿਹਾਸ ਬਦਲਦਾ ਗਿਆ ਉਵੇਂ -ਉਵੇਂ ਇਸ ਭਾਸ਼ਾ ਦਾ ਮੁਹਾਂਦਰਾ ਬਦਲਿਆ।ਪੰਜਾਬੀ ਆਧੁਨਿਕ ਆਰੀਆ ਭਾਸ਼ਾ ਹੈ ਜਿਸ ਦੀ ਆਖਰੀ ਲੜੀ ਅਪਭ੍ਰੰਸ਼ ਹੈ। ਅੰਗਰੇਜ਼ੀ ਵਿਦਵਾਨ ਜਾਰਜ ਗ੍ਰੀਅਰਸਨ ਨੇ ਪੰਜਾਬੀ ਭਾਸ਼ਾ ਬਾਰੇ ਲੋਕਾਂ ਵਿੱਚ ਗਲਤ ਰਾਇ ਪੇਸ਼ ਕੀਤੀ ਹੈ ਉਸ ਨੇ ਪੂਰਬੀ ਤੇ ਪੱਛਮੀ ਪੰਜਾਬ ਦੀਆਂ ਭਾਸ਼ਾਵਾਂ ਨੂੰ ਹੀ ਵੱਖਰਾ ਦੱਸਿਆ ਹੈ।ਭਾਵ ਕਿ ਉਸ ਨੇ ਪੱਛਮੀ ਪੰਜਾਬ ਦੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਹੋਣ ਤੋਂ ਹੀ ਇਨਕਾਰ ਕੀਤਾ ਹੈ। ਪੰਜਾਬੀ ਭਾਸ਼ਾ ਦੇ ਪ੍ਰਸਿੱਧ ਭਾਸ਼ਾ ਸ਼ਾਸ਼ਤਰੀ ਹਰਦੇਵ ਬਾਹਰੀ ਤੇ ਸੁਨੀਤੀ ਕੁਮਾਰ ਚੈਟਰਜੀ ਨੇ ਗ੍ਰੀਅਰਸਨ ਦੇ ਇਸ ਮੱਤ ਨੂੰ ਪੂਰੀ ਤਰ੍ਹਾਂ ਰੱਦ ਮੰਨਿਆ ਹੈ। ਪੰਜਾਬੀ ਦਾ ਪਹਿਲਾਂ ਪੜਾਅ ਵੈਦਿਕ ਸੰਸਕ੍ਰਿਤ ਤੇ ਦੂਜਾ ਪੜਾਅ ਪਾਲੀ ਪ੍ਰਾਕ੍ਰਿਤ (ਅਸ਼ੋਕੀ ਪਾਲੀ) ਸਾਹਿਤਕ ਪ੍ਰਾਕ੍ਰਿਤ ਅਪਭੰਸ਼ ਹੈ। ਤੀਜਾ ਵਿਕਾਸ ਪੜਾਅ ਪੰਜਾਬੀ,ਸਿੰਧੀ, ਪਹਾੜੀ,ਹਿੰਦੀ ਤੇ ਕੁਝ ਹੋਰ ਭਾਸ਼ਾਵਾਂ ਦਾ ਹੈ।ਜਿੰਨ੍ਹਾਂ ਵਿੱਚ ਪੰਜਾਬੀ ਤੀਜੇ ਵਿਕਾਸ ਪੜਾਅ ਦਾ ਹਿੱਸਾ ਰਹੀ।

ਪੰਜਾਬੀ ਭਾਸ਼ਾ ਜਿਵੇਂ -ਜਿਵੇਂ ਵਿਕਸਿਤ ਹੋਈ ਇਸ ਨੇ ਬਹੁਤ ਸਾਰੇ ਵਿਦੇਸ਼ੀ ਪ੍ਰਭਾਵਾਂ ਨੂੰ ਕਬੂਲਿਆ। "ਪੱਛਮੋਤਰੀ ਭਾਰਤ ਦਾ ਜਿਨ੍ਹਾਂ ਪਹਿਲੇ ਬਦੇਸ਼ੀਆਂ ਨਾਲ ਵਾਹ ਪਿਆ ਉਹ ਈਰਾਨੀ ਸਨ।"[3] ਇਹਨਾਂ ਦੀ ਲਿਪੀ ਅਰਮੀ ਸੀ ਜੋ ਕਿ ਉਰਦੂ-ਫਾਰਸੀ ਲਿਪੀ ਵਾਂਗ ਹੀ ਸੱਜੇ ਤੋਂ ਖੱਬੇ ਲਿਖੀ ਜਾਂਦੀ ਸੀ।ਈਰਾਨੀ ਤੋਂ ਬਾਅਦ ਯੂਨਾਨੀ ਲੋਕਾਂ ਨੇ ਆਪਣਾ ਰਾਜ ਹਿੰਦੋਸਤਾਨ ਵਿੱਚ ਕਾਇਮ ਕੀਤਾ ਸੀ ਉਨ੍ਹਾਂ ਦੀ ਲਿਪੀ ਸੰਸਕ੍ਰਿਤ ਨਾਲ ਮੇਲ ਖਾਂਦੀ ਸੀ ਜੋ ਕਿ ਪੰਜਾਬੀ ਭਾਸ਼ਾ ਦੇ ਬਹੁਤ ਨੇੜੇ ਜਾਪਦੀ ਹੈ। " ਪ੍ਰਿੰ. ਤੇਜਾ ਸਿੰਘ ਇਹ ਵਿਚਾਰ ਪ੍ਰਗਟਾਇਆ ਕਰਦੇ ਸਨ ਕਿ ਪੰਜਾਬੀ ਦਾ ਵਾਰ ਰੂਪ ਯੂਨਾਨੀ ਦਾ ਓਡ ਰੂਪ ਹੀ ਹੈ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਰਚਨਾ 'ਆਸਾ ਦੀ ਵਾਰ' ਨੂੰ ਓਡ ਦੇ ਨਮੂਨੇ ਉੱਤੇ ਉਸਰੀ ਦੱਸਿਆ ਹੈ।[4] ਜਦੋਂ ਇਸਲਾਮ ਧਰਮ ਯੂਨਾਨ ਤੋਂ ਬਾਅਦ ਆਇਆ ਤਾਂ ਅਰਬ ਦੇਸ਼ ਨਾਲ ਹਿੰਦੋਸਤਾਨ ਦੇ ਚੰਗੇ ਸੰਬੰਧ ਬਣ ਗਏ।ਉਨ੍ਹਾਂ ਨੇ ਲੋਕਾਂ ਵਿੱਚ ਬੁੱਤ ਪੂਜਾ,ਅਗਨੀ ਪੂਜਾ ਆਦਿ ਵਹਿਮਾਂ-ਭਰਮਾਂ ਨੂੰ ਕੱਢਣ ਲਈ ਇਸਲਾਮ ਧਰਮ ਨੂੰ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਫੈਲਾਇਆ।ਬਹੁਤ ਸਾਰੇ ਹਿੰਦੂ ਲੋਕਾਂ ਨੇ ਇਹ ਧਰਮ

ਅਪਣਾਇਆ। ”ਗੈਰ-ਅਰਬੀਆਂ ਵਿੱਚ ਸ਼ੁੱਧ ਅਰਬੀ ਭਾਸ਼ਾ ਤੇ ਉਸ ਰਾਹੀਂ ਅਰਬੀ ਕਲਚਰ ਦੇ ਪ੍ਰਚਾਰ ਲਈ ਪਾਠ-ਪੁਸਤਕਾਂ ਤਿਆਰ ਕਰਵਾਈਆਂ ਗਈਆਂ।5 ਅਰਬੀ ਲਿਪੀ ਵਿੱਚ ਹਰ ਪੁਸਤਕ ਨੂੰ ਲਿਖਣ ਦਾ ਯਤਨ ਕੀਤਾ ਗਿਆ ਤੇ ਇਹ ਸਫਲ ਵੀ ਹੋਈ।

ਅਰਬ ਦੇ ਸੰਬੰਧ ਫਰਾਂਸ, ਸਪੇਨ, ਚੀਨ ਨਾਲ ਬਣ ਗਏ।ਜਿਸ ਨਾਲ ਮੁਸਲਮਾਨ ਕੌਮ ਦਾ ਸਾਗਰ ਠਾਠਾਂ ਮਾਰਦਾ ਦਿਸਣ ਲੱਗ ਪਿਆ।ਫਾਰਸੀ ਦਾ ਪ੍ਰਭਾਵ ਸਹਿਜ ਰੂਪ ਵਿੱਚ ਕਬੂਲਿਆ ਗਿਆ।ਆਰਬੀ ਫਾਰਸੀ ਅਸਲੀਅਤ ਦੇ ਨੇੜੇ ਹੋ ਗਈ।ਜਦੋਂ ਗੁਰੂਆਂ ਨੇ ਜਨਮ ਲਿਆ ਤਾਂ ਗੁਰਮੁਖੀ ਲਿਪੀ ਰਚੀ ਪਰ ਅਫਸੋਸ ਇਸ ਲਿਪੀ ਨੂੰ 47 ਦੀ ਆਜ਼ਾਦੀ ਤੋਂ ਬਾਅਦ ਹੀ ਲਿਖਤੀ ਦਰਜਾ ਮਿਲ ਸਕਿਆ ਪਹਿਲਾਂ ਅਰਬੀ ਫਾਰਸੀ ਹੀ ਲਿਖੀ ਜਾਂਦੀ ਰਹੀ।ਜਦੋਂ ਅੰਗਰੇਜ਼ ਭਾਰਤ ਵਿੱਚ ਆਏ ਤਾਂ ਉਹਨਾਂ ਨੇ ਪੰਜਾਬੀ ਨੂੰ ਕੁਝ ਅਜਿਹੇ ਸ਼ਬਦ ਦਿੱਤੇ ਜਿਨ੍ਹਾਂ ਨੂੰ ਅਸੀਂ ਉਨ੍ਹਾਂ ਦੇ ਅੰਗਰੇਜ਼ੀ ਰੂਪ ਵਿੱਚ ਹੀ ਅਪਣਾ ਲਿਆ।ਅਜਿਹਾ ਹੀ ਨਹੀਂ ਉਨ੍ਹਾਂ ਦੇ ਆਉਣ ਨਾਲ ਸਾਡੇ ਸੱਭਿਆਚਾਰਕ ਪਿਛੋਕੜ ਤੇ ਬਹੁਤ ਪ੍ਰਭਾਵ ਪਿਆ ਅਸੀਂ ਉਹਨਾਂ ਦੀਆਂ ਦਿੱਤੀਆਂ ਨਵੀਆਂ ਮਸ਼ੀਨਰੀਆਂ ਨੂੰ ਉਹਨਾਂ ਦੇ ਦਿੱਤੇ ਨਾਵਾਂ ਨਾਲ ਹੀ ਜਾਣਦੇ ਹਾਂ।ਖ਼ੈਰ ਅੰਗਰੇਜ਼ਾਂ ਨੇ ਜੋ ਛਾਪ ਸਾਡੀ ਪੰਜਾਬੀ ਤੇ ਛੱਡੀ ਹੈ ਅਸੀਂ ਉਸ ਤੋਂ ਭਲੀ-ਭਾਂਤ ਜਾਣੂ ਹਾਂ ਤੇ ਇਹ ਛਾਪ ਅਜੋਕੇ ਪੰਜਾਬ ਵਿੱਚ ਸਾਨੂੰ ਅੱਜ ਵੀ ਦੇਖਣ ਨੂੰ ਮਿਲਦੀ ਹੈ।

ਸੰਸਾਰ ਵਿੱਚ 7117 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ।ਪੰਜਾਬੀ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ 10 ਨੰਬਰ ਤੇ ਸ਼ਾਮਿਲ ਹੈ।ਪਾਕਿਸਤਾਨ ਦੇ 11 ਕਰੋੜ ਦੇ ਕਰੀਬ ਲੋਕ ਪੰਜਾਬੀ ਬੋਲਦੇ ਹਨ ਤੇ ਭਾਰਤੀ ਪੰਜਾਬ ਦੇ 2.8 ਕਰੋੜ ਲੋਕ ਪੰਜਾਬੀ ਬੋਲਦੇ ਹਨ।ਪਾਕਿਸਤਾਨ ਦਾ ਅੱਧ ਤੋਂ ਜਿਆਦਾ ਹਿੱਸਾ 65% ਲੋਕ ਪੰਜਾਬੀ ਬੋਲਦੇ ਹਨ ਤੇ ਭਾਰਤੀ ਪੰਜਾਬ ਦਾ 44% ਹਿੱਸਾ ਪੰਜਾਬੀ ਬੋਲਦਾ ਹੈ ਜਿਸ ਵਿੱਚ ਹਿਮਾਚਲ

ਪ੍ਰਦੇਸ਼,ਹਰਿਆਣਾ,ਦਿੱਲੀ ਤੇ ਪੰਜਾਬ ਰਾਜ ਆਉਂਦੇ ਹਨ। ਪਾਕਿਸਤਾਨ ਪੰਜਾਬ ਨੂੰ ਲਹਿੰਦਾ ਪੰਜਾਬ ਤੇ ਭਾਰਤੀ ਪੰਜਾਬ ਨੂੰ

ਚੜ੍ਹਦਾ ਪੰਜਾਬ ਕਿਹਾ ਜਾਂਦਾ ਹੈ।1947 ਦੀ ਵੰਡ ਤੋਂ ਪਹਿਲਾਂ ਇਹ ਸਾਂਝਾ ਪੰਜਾਬ ਇੱਕੋ ਹੀ ਪੰਜਾਬ ਸੀ ਵੰਡ ਤੋਂ ਬਾਅਦ ਹੀ ਇਸ ਨੂੰ ਚੜ੍ਹਦਾ, ਲਹਿੰਦਾ ਕਿਹਾ ਜਾਣ ਲੱਗਾ।

ਪਾਕਿਸਤਾਨ ਪੰਜਾਬ ਦੀ ਭਾਸ਼ਾ ਉਰਦੂ ਹੈ ਜੋ ਕਿ ਇਥੋਂ ਦੀ ਕੇਂਦਰੀ ਭਾਸ਼ਾ ਹੈ। ਜੋ ਕਿ ਸ਼ਾਹਮੁਖੀ ਵਿੱਚ ਲਿਖੀ ਜਾਂਦੀ ਹੈ। ”ਪੰਜਾਬੀ ਤੇ ਉਰਦੂ ਦਾ ਸੰਬੰਧ ਬਹੁਤ ਪੁਰਾਣਾ ਤੇ ਮਾਵਾਂ ਧੀਆਂ ਵਾਲਾ ਹੈ। ਸਭ ਤੋਂ ਪਹਿਲਾਂ ਗਜ਼ਨਵੀ ਰਾਜ ਦੇ ਜ਼ਮਾਨੇ(1021-1186 ਈਂ) ਅਰਬੀ, ਫਾਰਸੀ ਤੁਰਕੀ ਬੋਲਣ ਵਾਲਿਆ ਨਾਲ ਵਾਹ ਪਿਆ,ਇਸੇ ਸੰਯੋਗ ਨੇ ਪੰਜਾਬੀ ਦੇ ਪੇਟੇ ਉਰਦੂ ਨੂੰ ਜਨਮ ਦਿੱਤਾ।ਇਸ ਗੱਲ ਨੂੰ ਪ੍ਰੋ. ਹਾਫਿਜ ਮਹਿਮੂਦ ਸ਼ੀਰਾਨੀ ਨੇ 'ਪੰਜਾਬ ਮੇਂ ਉਰਦੂ' ਪੁਸਤਕ ਵਿੱਚ ਖੁੱਲ੍ਹ ਕੇ ਬਿਆਨ ਕੀਤਾ ਹੈ।”[6] ਅਸਲ ਵਿੱਚ ਉਰਦੂ ਨੇ ਬਹੁਤ ਸਾਰੀਆਂ ਤਰਕੀਬਾਂ ਪੰਜਾਬੀ ਤੋਂ ਲੈ ਕੇ ਹੀ ਆਪਣੇ ਆਪ ਨੂੰ ਸਵਾਰਿਆ ਹੈ।1832 ਈ. ਵਿੱਚ ਯੂ.ਪੀ ਅੰਦਰ ਉਰਦੂ ਅਦਾਲਤੀ ਜ਼ਬਾਨ ਰਹੀ। 1849 ਈ. ਵਿੱਚ ਅੰਗਰੇਜ਼ਾਂ ਕੋਲ ਪੰਜਾਬ ਜਾਣ ਨਾਲ ਇਥੋਂ ਦੀ ਇਲਮੀ ਜ਼ਬਾਨ ਵੀ ਉਰਦੂ ਹੀ ਹੋ ਗਈ।ਉਰਦੂ ਭਾਸ਼ਾ ਸੌ ਸਾਲ ਤੱਕ ਪੰਜਾਬ ਤੇ ਛਾਈ ਰਹੀ।ਉਰਦੂ ਭਾਸ਼ਾ ਹਿੰਦੀ ਭਾਸ਼ਾ ਦੇ ਨੇੜੇ ਮੰਨੀ ਜਾਂਦੀ ਹੈ।ਉਰਦੂ ਭਾਸ਼ਾ ਨਸਤਾਲੀਕ ਲਿੱਪੀ ਵਾਂਗ ਹੀ ਹੈ ਜੋ ਕਿ ਅਸਲ ਵਿੱਚ ਇਰਾਨੀ ਲੋਕਾਂ ਤੇ ਤੁਰਕੀ ਲੋਕਾਂ ਦੀ ਲਿੱਪੀ ਹੈ।ਇਹ ਲਿੱਪੀ ਪੰਦਰਵੀਂ, ਸੋਹਲਵੀਂ ਸਦੀ ਵਿੱਚ ਈਰਾਨ ਵਿੱਚ ਵਰਤੀ ਜਾਣ ਲੱਗੀ।ਉਰਦੂ ਦੀ ਇਸ ਲਿੱਪੀ ਨੂੰ ਹੁਣ ਵੀ ਨਸਤਾਲੀਕ ਜਾਂ ਸ਼ਾਹਮੁਖੀ ਕਿਹਾ ਜਾਂਦਾ ਹੈ।ਇਸਲਾਮ ਧਰਮ ਦਾ ਪ੍ਰਚਾਰ ਜਦੋਂ ਜੋਰਾਂ ਤੇ ਸੀ ਤਾਂ ਅਰਬੀ ਲੋਕਾਂ ਦੇ ਵੱਡੇ ਫੈਲਾਅ ਕਾਰਨ ਆਰਬਿਕ ਲਿੱਪੀ ਵੀ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਫੈਲੀ।ਇਹ ਲਿੱਪੀ ਵੀ ਉਰਦੂ ਦਾ ਹੀ ਅੰਗ ਬਣੀ।

”ਗੁਰਮੁਖੀ ਨਾਂ ਤਾਂ ਭਾਵੇਂ ਪੰਜ ਚਾਰ ਸੌ ਵਰ੍ਹੇ ਤੋਂ ਪੁਰਾਣਾ ਨਾ ਹੋਵੇ ਪਰ ਇਸ ਦੇ ਅੱਖਰ ਢੇਰ ਪੁਰਾਣੇ ਹਨ।”[7] ਬ੍ਰਹਮੀ ਤੇ ਖਰੋਸ਼ਟੀ ਹਿੰਦੀ ਦੀਆਂ ਦੋ ਮੁਖ ਲਿੱਪੀਆਂ ਮੰਨੀਆ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਗਈਆਂ ਹਨ।ਖਰੋਸ਼ਟੀ ਦਾ ਸੰਬੰਧ ਚੀਨੀ ਤੇ ਤੁਰਕਸਤਾਨ

ਨਾਲ ਮੰਨਿਆ ਜਾਂਦਾ ਹੈ ਕਿਉਂਕਿ ਉਥੋਂ ਦੇ ਦੇਵਤੇ ਦਾ ਨਾਂ ਖਰੋਸ਼ਟ ਸੀ।ਪਰ ਬ੍ਰਹਮੀ ਲਿਪੀ ਹਿੰਦੋਸਤਾਨ ਦੀ ਹੀ ਲਿੱਪੀ ਮੰਨੀ ਗਈ ਜਿਸ ਦਾ ਨਾਂ ਬ੍ਰਹਮਾ ਦੇਵਤੇ ਤੋਂ ਬਣਿਆ ਦੱਸਿਆ ਜਾਂਦਾ ਹੈ।ਅਸਲ ਵਿੱਚ ਬ੍ਰਹਮੀ ਲਿੱਪੀ ਤੋਂ ਹੀ ਹਿੰਦ ਵਿੱਚ ਵਰਤੀਆ ਜਾਣ ਵਾਲੀਆਂ ਲਿੱਪੀਆਂ ਉਪਜੀਆ।ਜਿਸ ਵਿੱਚ ਸ਼ਾਰਦਾ, ਟਾਕਰੀ ਤੇ ਲੰਡੇ ਲਿੱਪੀਆਂ ਪੰਜਾਬ ਵਿੱਚ ਵਰਤੀਆ ਜਾਂਦੀਆਂ ਸਨ।ਇਹਨਾਂ ਵਿੱਚੋਂ ਹੀ ਗੁਰਮੁਖੀ ਲਿੱਪੀ ਦੇ ਅੱਖਰ ਇਸ ਲਿੱਪੀ ਦਾ ਸੁਧਰਿਆ ਰੂਪ ਮੰਨੇ ਜਾਂਦੇ ਹਨ। ਗੁਰਮੁਖੀ ਬਾਰੇ ਮੰਨਣਾ ਹੈ ਕਿ ਇਹ ਗੁਰੂ ਸਾਹਿਬਾਨ ਦੇ ਸਮੇਂ ਤੋਂ ਆਈ ਹੈ ਪਰ ਅਜਿਹਾ ਨਹੀਂ ਹੈ ਅਸਲ ਵਿੱਚ ਇਸ ਦੇ ਨਮੂਨੇ ਪਹਿਲਾਂ ਹੀ ਮਿਲਦੇ ਹਨ।ਗੁਰੂ ਨਾਨਕ ਦੇਵ ਜੀ ਤੋਂ ਲੈ ਕਿ ਗੁਰੂ ਅਰਜਨ ਦੇਵ ਜੀ ਤੱਕ ਸਾਹਿਤ ਰਚਨਾ ਇਸ ਵਿੱਚ ਕੀਤੀ ਗਈ।ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਵਿੱਚ ਸੋਧ ਕੀਤੀ ਇਸੇ ਲਈ ਇਸ ਦਾ ਨਾਂ ਗੁਰਮੁਖੀ ਪੈ ਗਿਆ ਭਾਵ ਗੁਰਾਂ ਦੇ ਮੁਖ ਤੋਂ ਉਚਾਰੀ ਹੋਈ। ਪਹਿਲਾਂ ਇਹੀ ਭਾਸ਼ਾ ਸ਼ਾਰਦਾ,ਟਾਕਰੇ ਤੇ ਲੰਡੇ ਲਿੱਪੀਆਂ ਵਿੱਚ ਮਜੂਦ ਸੀ।ਗੁਰਮੁਖੀ ਨੇ ਪੰਜਾਬੀ ਨੂੰ ਅਸਲ ਦਿਸ਼ਾ ਪ੍ਰਦਾਨ ਕੀਤੀ। ”ਗੁਰੂ ਸਾਹਿਬਾਨ ਦਾ ਕਮਾਲ ਇਹ ਹੈ ਕਿ ਉਨ੍ਹਾਂ ਨੇ ਕਰੀਬ -ਕਰੀਬ ਸਾਰੀਆਂ ਪ੍ਰਚਲਿਤ ਪੰਜਾਬੀ ਉਪ- ਭਾਸ਼ਾਵਾਂ ਵਿੱਚ ਬਾਣੀ ਰਚੀ ਤੇ ਪੰਜਾਬੀ ਉਚਾਰਨ ਦੇ ਸਾਰੇ ਮੁਖ ਅਸੂਲਾਂ ਨੂੰ ਨਿਭਾ ਕੇ ਵਿਖਾਇਆ।”[8] ਅਸਲ ਵਿੱਚ ਗੁਰੂਆਂ ਨੇ ਗੁਰਮੁਖੀ ਦੇ ਨਾਲ-ਨਾਲ ਉਸ ਸਮੇਂ ਬੋਲੀਆਂ ਜਾਂਦੀਆਂ ਹੋਰ ਬੋਲੀਆਂ ਦੇ ਲਹਿਜੇ ਰੂਪ ਵਿੱਚ ਵੀ ਬਾਣੀ ਰਚੀ ਹੈ।ਇੱਕ ਜਨਮਸਾਖੀ ਵਿੱਚ ਜ਼ਿਕਰ ਆਇਆ ਹੈ ਕਿ ”ਗੁਰੂ ਅੰਗਦ ਦੇਵ ਜੀ ਨੇ ਭਾਈ ਪੈੜੇ ਨੂੰ ਗੁਰੂ ਨਾਨਕ ਦੀ ਜਨਮ-ਪੱਤਰੀ ਨਾਗਰੀ ਤੋਂ ਗੁਰਮੁਖੀ ਵਿੱਚ ਉਤਾਰਨ ਲਈ ਕਿਹਾ।ਇਸ ਤੋਂ ਜ਼ਾਹਰ ਹੁੰਦਾ ਹੈ ਕਿ ਭਾਈ ਪੈੜਾ ਪਹਿਲਾਂ ਹੀ ਗੁਰਮੁਖੀ ਅੱਖਰਾਂ ਤੋਂ ਜਾਣੂ ਸੀ,ਜੋ ਕਿ ਉਸ ਸਮੇਂ ਦੇਸ਼ ਵਿੱਚ ਚਾਲੂ ਸਨ।”[9] ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਗੁਰਮੁਖੀ ਦੇ ਅੱਖਰ ਪਹਿਲਾਂ ਵੀ ਸਨ ਪਰ ਗੁਰੂ ਅੰਗਦ ਦੇਵ ਜੀ ਨੇ ਇਸ ਨੂੰ ਸੋਧ ਕਿ ਸਾਹਮਣੇ ਲਿਆਂਦਾ।

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਜੇਕਰ ਇਤਿਹਾਸਿਕ ਰਚਨਾਵਾਂ ਦੀ ਗੱਲ ਕੀਤੀ ਜਾਵੇ ਭਾਵ ਕਿ ਸਾਹਿਤ ਰਚਨਾ ਸਾਨੂੰ ਹੁਣ ਤੱਕ ਜਿੰਨ੍ਹਾ ਵੀ ਸਾਹਿਤ ਮਿਲਿਆ ਹੈ ਉਸ ਵਿੱਚ ਸ਼ਾਹਮੁਖੀ ਤੇ

ਗੁਰਮੁਖੀ ਦੋਵੇਂ ਰੂਪ ਮਜੂਦ ਹਨ।ਭਾਵੇਂ ਕਿ ਸ਼ਾਹਮੁਖੀ ਰਚਨਾਵਾਂ ਵਧੇਰੇ ਮਿਲਦੀਆਂ ਹਨ ਪਰ ਗੁਰਮੁਖੀ ਰਚਨਾਵਾਂ ਦਾ ਸਾਹਿਤ ਵੀ ਮਜੂਦ ਹੈ।ਬਾਬਾ ਫਰੀਦ ਦੀ ਬਾਣੀ ਗੁਰਮੁਖੀ ਵਿੱਚ ਮਿਲਦੀ ਹੈ।"ਬਾਬਾ ਫਰੀਦ ਦੇ ਸਲੋਕਾਂ ਵਿੱਚ ਅਰਬੀ-ਫਾਰਸੀ ਦੇ ਲਫ਼ਜ਼ ਵੀ ਆਏ ਹਨ।ਇਸ ਵਿੱਚ ਇਸਲਾਮੀ ਧਰਮ ਦੀ ਸ਼ਬਦਾਵਲੀ ਦੀ ਭਰਮਾਰ ਹੈ।"[10] ਇਸ ਲਈ ਇਹ ਬਾਣੀ ਲਹਿੰਦੇ ਪੰਜਾਬ ਦੀ ਲਿੱਪੀ ਦੇ ਵਧੇਰੇ ਨੇੜੇ ਹੈ।ਭਾਈ ਗੁਰਦਾਸ ਜੀ ਦੀ ਭਾਸ਼ਾ ਵਿੱਚ ਵੀ ਬਹੁਤ ਸ਼ਬਦਾਵਲੀ ਵਰਤੀ ਗਈ ਹੈ।ਇਸ ਵਿੱਚ ਵੀ ਦੂਜੀਆਂ ਭਾਸ਼ਾਵਾਂ ਦੇ ਸ਼ਬਦਾਂ ਦਾ ਰਲਾ ਹੈ।ਡਾ.ਮੋਹਨ ਸਿੰਘ ਨੇ "ਭਾਈ ਸਾਹਿਬ ਦੀਆਂ ਵਾਰਾਂ ਨੂੰ 'ਸ਼ਬਦਾਂ ਦੀਆਂ ਖਾਨਾਂ' ਕਿਹਾ ਹੈ।ਇਹ ਪੰਜਾਬੀ ਦਾ ਉਹ ਖਜ਼ਾਨਾ ਹੈ ਜੋ ਸਦੀਆਂ ਦੇ ਨਿਚੋੜ, ਸੁਰਜੀਤ ਅਤੇ ਸਿਰਜਣਾ ਤੋਂ ਬਣਿਆ ਹੈ।"[11] ਉਸ ਸਮੇਂ ਸ਼ਾਹਮੁਖੀ ਆਮ ਲੋਕਾਂ ਦੀ ਭਾਸ਼ਾ ਬਣ ਚੁੱਕੀ ਸੀ।ਪੰਜਾਬ ਦੇ ਵਧੇਰੇ ਕਿੱਸਾ ਕਵੀਆਂ ਨੇ ਇਸੇ ਨੂੰ ਅਪਣਾਇਆ। "ਪੰਜਾਬ ਦੀਆਂ ਪ੍ਰੇਮ-ਕਥਾਵਾਂ ਨੂੰ ਆਮ ਲੋਕਾਂ ਦੀ ਗਿਆਤ ਤੇ ਰੋਮਾਂਸ ਤ੍ਰਿਪਤੀ ਲਈ ਇਥੋਂ ਦੀ ਭਾਸ਼ਾ ਵਿੱਚ ਕਵਿਤਾ ਦਾ ਰੂਪ ਦਿੱਤਾ।"[12]

ਦਮੋਦਰ,ਪੀਲੂ, ਹਾਸ਼ਮ ਸ਼ਾਹ, ਹਾਫਿਜ ਬਜਖੁਰਦਾਰ, ਅਹਿਮਦ ਯਾਰ, ਵਾਰਿਸ ਸ਼ਾਹ,ਬੁੱਲ੍ਹੇ ਸ਼ਾਹ ਵਰਗੇ ਕਵੀਆਂ ਨੇ ਪ੍ਰੀਤ ਕਿੱਸੇ ਜਿਵੇਂ ਹੀਰ-ਰਾਂਝਾ, ਮਿਰਜਾ-ਸਾਹਿਬਾ, ਸੱਸੀ-ਪੁੰਨੂ,ਸੋਹਣੀ-ਮਾਹੀਵਾਲ,ਸ਼ੀਰੀ-ਫ਼ਰਹਾਦ,ਜੂਸਫ-ਜੁਲੈਖਾਂ ਵਰਗੇ ਕਿੱਸੇ ਸ਼ਾਹਮੁਖੀ ਵਿੱਚ ਲਿਖੇ।ਭਾਵੇਂ ਕੁਝ ਕਿੱਸੇ ਈਰਾਨੀ ਵੀ ਸਨ ਪਰ ਉਹਨਾਂ ਦੀ ਰਚਨਾ ਵੀ ਸ਼ਾਹਮੁਖੀ ਵਿੱਚ ਕੀਤੀ ਗਈ।ਇਸ ਤੋਂ ਇਲਾਵਾ ਇਹਨਾਂ ਕਵੀਆਂ ਨੂੰ ਸੂਫੀ ਕਵੀ ਵੀ ਕਿਹਾ ਜਾਂਦਾ ਹੈ।ਇਹਨਾਂ ਦੀ ਲਿੱਪੀ ਭਾਵੇਂ ਸ਼ਾਹਮੁਖੀ ਰਹੀ ਹੋਵੇ ਪਰ ਰੰਗਤ ਦੀ ਬੋਲੀ ਪੰਜਾਬੀ ਹੀ ਹੈ।ਕੁਝ ਸਿੱਖ ਕਵੀਆਂ ਨੇ ਵੀ ਸ਼ਾਹਮੁਖੀ ਵਿੱਚ ਰਚਨਾ ਕੀਤੀ।ਉਰਦੂ-ਫਾਰਸੀ ਦੀ ਜ਼ੁਬਾਨ ਦੇ ਨੇੜੇ ਹੋਣ ਕਰਕੇ ਉਸ ਸਮੇਂ ਦੇ ਲੋਕਾਂ ਵਿੱਚ ਇਸ ਦਾ ਰੁਝਾਨ ਜ਼ਿਆਦਾ ਸੀ ਜਿਸ ਕਰਕੇ ਸਾਹਿਤਕ ਰਚਨਾਵਾਂ ਦੀ ਲਿੱਪੀ ਸ਼ਾਹਮੁਖੀ ਰਹੀ।

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਗੁਰਮੁਖੀ ਲਿੱਪੀ ਵਿੱਚ ਗੁਰਮਤਿ ਦਾ ਇਤਿਹਾਸ ਰਚਿਆ ਗਿਆ। ਗੁਰੂਆਂ ਨੇ ਆਪਣੀ ਸਾਹਿਤ ਰਚਨਾ ਭਾਵੇਂ ਗੁਰਮੁਖੀ ਵਿੱਚ ਕੀਤੀ ਪਰ ਫਾਰਸੀ-ਅਰਬੀ ਦੇ ਬਹੁਤ ਸਾਰੇ ਸ਼ਬਦਾਂ ਨੂੰ ਵੀ ਅਪਣਾਇਆ ।ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਪੰਜਾਬੀ ਭਾਸ਼ਾ ਦੇ ਨੇੜੇ ਹਨ ਪਰ ਆਪ ਜੀ ਬਹੁਤ ਭਾਸ਼ਾਵਾਂ ਦੇ ਗਿਆਤਾ ਸਨ। "ਜ਼ਫਰਨਾਮੇ ਜਿਹੀ ਫਾਰਸੀ ਕਵਿਤਾ ਰਚ ਦੇਣਾ ਤੇ ਨੰਦ ਲਾਲ ਵਰਗੇ ਕਵੀਆਂ ਦਾ ਆਪ ਦੀ ਹਜ਼ੂਰੀ ਵਿੱਚ ਰਹਿਣਾ, ਇਸ ਗੱਲ ਨੂੰ ਸਿੱਧ ਕਰਦਾ ਹੈ।ਗੁਰੂ ਸਾਹਿਬ ਦੀ ਬੋਲੀ ਦਾ ਵੱਡਾ ਕਮਾਲ ਇਹ ਹੈ ਕਿ ਫਾਰਸੀ ਤੇ ਸੰਸਕ੍ਰਿਤ ਸ਼ਬਦਾਂ ਨੂੰ ਇਕੱਠਾ ਵਰਤਿਆ ਹੈ।13 ਪੰਜਾਬੀ ਦਾ ਵਾਰ ਸਾਹਿਤ ਵੀ ਗੁਰਮੁਖੀ ਵਿੱਚ ਹੀ ਲਿਖਿਆ ਗਿਆ ਭਾਵੇਂ ਕੁਝ ਰਚਨਾਵਾਂ ਸ਼ਾਹਮੁਖੀ ਵਿੱਚ ਹਨ ਪਰ ਪਹਿਲਾਂ ਇਹ ਗੁਰਮੁਖੀ ਵਿੱਚ ਲਿਖਣੀਆਂ ਆਰੰਭ ਹੋਈਆਂ।ਗਿਆਨੀ ਗਿਆਨ ਸਿੰਘ ਰਚਿਤ ਸ੍ਰੀ ਗੁਰੂ-ਗ੍ਰੰਥ ਪ੍ਰਕਾਸ਼,'ਤਾਰੀਖ ਗੁਰੂ ਖਾਲਸਾ' ਆਦਿ ਵੀ ਗੁਰਮੁਖੀ ਵਿੱਚ ਰਚੀਆਂ ਰਚਨਾਵਾਂ ਹਨ।ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਭਾਸ਼ਾ ਵੀ ਉਰਦੂ-ਫਾਰਸੀ ਹੀ ਰਹੀ।ਅੰਗਰੇਜ਼ਾ ਦੇ ਸਮੇਂ ਹਕੂਮਤ ਦੀ ਭਾਸ਼ਾ ਫਾਰਸੀ-ਆਰਬੀ ਸੀ ਪਰ ਉਸ ਸਮੇਂ ਬਹੁਤ ਸਾਰਾ ਪੰਜਾਬੀ ਗੁਰਮੁਖੀ ਸਾਹਿਤ ਵੀ ਰਚਿਆ ਗਿਆ।ਭਾਈ ਵੀਰ ਸਿੰਘ , ਨਾਨਕ ਸਿੰਘ ਵਰਗੇ ਕਵੀਆਂ ਦੀਆਂ ਰਚਨਾਵਾਂ ਗੁਰਮੁਖੀ ਵਿੱਚ ਰਚੀਆਂ ਗਈਆਂ। "1897 ਵਿੱਚ 'ਹਮ ਹਿੰਦੂ ਨਹੀਂ" ਕਾਨ੍ਹ ਸਿੰਘ ਨਾਭਾ ਤੇ 1898 ਵਿੱਚ ਭਾਈ ਵੀਰ ਸਿੰਘ ਦਾ ਨਾਵਲ 'ਸੁੰਦਰੀ' ਛਪਿਆ।14 ਉਸ ਸਮੇਂ ਗੁਰਮੁਖੀ ਵਿੱਚ ਅਖ਼ਬਾਰ ਵੀ ਛਪਣੇ ਸ਼ੁਰੂ ਹੋਏ।ਇਸ ਤੋਂ ਇਲਾਵਾ ਪ੍ਰੋ. ਪੂਰਨ ਸਿੰਘ, ਬਾਵਾ ਬੁੱਧ ਸਿੰਘ,ਪਿੰ. ਤੇਜਾ ਸਿੰਘ,ਡਾ:ਮੋਹਨ ਸਿੰਘ ਦੀਵਾਨਾ,ਗੋਪਾਲ ਸਿੰਘ ਦਰਦੀ ਵਰਗੇ ਅਨੇਕਾਂ ਹੋਰ ਕਵੀਆਂ ਨੇ ਗੁਰਮੁਖੀ ਵਿੱਚ ਰਚਨਾਵਾਂ ਲਿਖੀਆਂ।ਪੰਜਾਬੀ ਦੀ ਗੁਰਮੁਖੀ ਵਿੱਚ ਅਨੇਕਾਂ ਹੀ ਨਾਟਕਾਂ ,ਇਕਾਂਗੀ, ਕਹਾਣੀ ਤੇ ਨਾਵਲ ਵਰਗੀਆਂ ਵਿਧਾਵਾਂ ਦੀ ਰਚਨਾ ਹੋਈ।

1947 ਨੂੰ ਜਦੋਂ ਦੇਸ਼ ਦੀ ਵੰਡ ਹੋਈ ਤਾਂ ਸਾਂਝੇ ਪੰਜਾਬ ਦੇ ਟੋਟੇ ਹੋ ਗਏ। ਭਾਰਤੀ ਪੰਜਾਬ ਹਿੱਸੇ ਜੋ ਪੰਜਾਬ ਆਇਆ ਉਹ ਹੌਲੀ -ਹੌਲੀ ਪਾਕਿਸਤਾਨੀ ਪੰਜਾਬ ਦਾ ਅੱਧ ਹੀ ਰਹਿ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਗਿਆ। ਪੰਜਾਬ ਦੀ ਵੰਡ ਮਜ਼ਹਬ ਦੇ ਨਾਮ ਤੇ ਕੀਤੀ ਗਈ। ਮੁਸਲਮਾਨਾਂ ਨੂੰ ਹਿੰਦੂ-ਸਿੱਖਾਂ ਤੋਂ ਵੱਖ ਕਰ ਦਿੱਤਾ ਗਿਆ। ਮੁਸਲਮਾਨਾਂ ਦਾ ਇਲਾਕਾ ਪਾਕਿਸਤਾਨ ਬਣਾ ਦਿੱਤਾ ਗਿਆ ਤੇ ਭਾਰਤ ਹਿੱਸੇ ਸਿੱਖਾਂ ਦਾ ਪੰਜਾਬ ਆਇਆ। ਇਸ ਪੰਜਾਬ ਵਿੱਚ ਦਿੱਲੀ, ਹਰਿਆਣਾ, ਹਿਮਾਚਲ ਆਉਂਦੇ ਹਨ ਜਿੱਥੇ ਲੋਕ ਪੰਜਾਬੀ ਬੋਲਦੇ ਹਨ। ”1966 ਵਿੱਚ ਇੱਕ-ਭਾਸ਼ੀ ਪੰਜਾਬ ਪ੍ਰਦੇਸ਼ ਬਣ ਜਾਣ ਨਾਲ ਪੰਜਾਬੀ ਬੋਲਦੇ ਇਲਾਕੇ ਹਰਿਆਣਾ ਤੇ ਹਿਮਾਚਲ ਵਿੱਚ ਚਲੇ ਗਏ ਸਨ। ਜਿੰਨ੍ਹਾਂ ਵਿੱਚ ਪੰਜਾਬੀ ਦਾ ਉਚਿਤ ਪ੍ਰਬੰਧ ਨਹੀਂ ਸੀ, ਹੁਣ ਹਰਿਆਣਾ ਸਰਕਾਰ ਨੇ ਵੀ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇ ਦਿੱਤਾ ਹੈ। ਦਿੱਲੀ ਵਿੱਚ ਵੀ ਪੰਜਾਬੀ ਨੂੰ ਇਹ ਦਰਜਾ ਪ੍ਰਾਪਤ ਹੈ, ਪਰ ਹਿਮਾਚਲ ਵਿੱਚ ਇਹ ਸੁਵਿਧਾ ਨਹੀਂ ਹੈ।”[15] ਭਾਰਤੀ ਪੰਜਾਬ ਵਿੱਚ ਵੀ ਪੰਜਾਬੀ ਨੂੰ 1967 ਦੇ ਐਕਟ ਅਨੁਸਾਰ ”1 ਜਨਵਰੀ 1968 ਤੋਂ ਪੰਜਾਬੀ ਨੂੰ ਸਾਰੇ ਪੰਜਾਬ ਦੇ ਜ਼ਿਲ੍ਹਾ ਪੱਧਰ ਦੇ ਸਾਰੇ ਸਰਕਾਰੀ ਦਫ਼ਤਰਾਂ ਦਾ ਮਾਧਿਅਮ ਬਣਾ ਦਿੱਤਾ ਗਿਆ।”[16] ਉਸ ਸਮੇਂ ਹੀ ਸਕੂਲਾਂ ਵਿੱਚ ਗੁਰਮੁਖੀ ਪੜ੍ਹਨ ਦਾ ਵਿਸ਼ਾ ਬਣੀ ਤੇ ਸਾਰੇ ਸਰਕਾਰੀ ਦਫ਼ਤਰੀ ਕੰਮਾਂ ਲਈ ਇਹ ਵਰਤੀ ਜਾਣ ਲੱਗੀ। ਫਿਰ ਜਿੰਨੀ ਤੇਜੀ ਨਾਲ ਇਸ ਦਾ ਵਿਕਾਸ ਹੋਇਆ ਉਹ ਅੱਜ ਤੱਕ ਕਦੇ ਵੀ ਨਹੀਂ ਸੀ ਹੋ ਸਕਿਆ। ਉਸ ਸਮੇਂ ਦੀਆਂ ਸਰਕਾਰਾਂ ਨੇ ਕੇਵਲ ਗੁਰਮੁਖੀ ਲਿੱਪੀ ਨੂੰ ਹੀ ਹਰ ਕੰਮ ਲਈ ਵਰਤਣਾ ਸ਼ੁਰੂ ਕੀਤਾ। ਜੇਕਰ ਅਸੀਂ ਗੱਲ ਕਰੀਏ ਪਾਕਿਸਤਾਨੀ ਪੰਜਾਬ ਦੀ ਤਾਂ ਉਥੇ ਸ਼ਾਹਮੁਖੀ ਉਰਦੂ ਵਿੱਚ ਲਿਖੀ ਜਾਣ ਲੱਗੀ। ਭਾਵੇਂ ਪਾਕਿਸਤਾਨ ਦਾ ਬਹੁਤ ਹਿੱਸਾ ਪੰਜਾਬੀ ਬੋਲਦਾ ਹੈ ਪਰ ਇਹ ਉੱਥੇ ਇਹ ਮਾਂ-ਬੋਲੀ ਹੀ ਹੈ ਲੋਕ ਘਰਾਂ ਵਿੱਚ ਹੀ ਪੰਜਾਬੀ ਬੋਲਦੇ ਹਨ । ਦਫ਼ਤਰੀ ਤੇ ਪੜ੍ਹਾਈ ਲਈ ਉਰਦੂ ਹੀ ਇਸਤੇਮਾਲ ਕੀਤਾ ਜਾਂਦਾ ਹੈ।

”**ਸਿੰਧ**-ਜਿਲ੍ਹਾਂ ਜ਼ੈਕਬਾਬਾਦ,ਜਿਲ੍ਹਾਂ ਸੱਖਰ, ਜਿਲ੍ਹਾਂ ਖ਼ੈਰਪੁਰ,ਜ਼ਿਲ੍ਹਾ ਲੜਕਾਣਾ ਵਿੱਚ ਪੰਜਾਬੀ ਦੀ ਉਪ-ਬੋਲੀ ਮੁਲਤਾਨੀ ਜਾਂ ਸਰਾਇਕੀ ਬੋਲੀ ਜਾਂਦੀ ਹੈ।

**ਬਲੋਚਿਸਤਾਨ**-ਇਸ ਪ੍ਰਾਂਤ ਦੇ ਪੰਜ ਜਿਲ੍ਹੇ ਇਕੋ ਵੇਲੇ ਪੰਜਾਬੀ ਦੀ ਉਪ-ਬੋਲੀ ਮੁਲਤਾਨੀ ਜਾਂ ਸਰਾਇਕੀ ਤੇ ਬਲੋਚੀ ਬੋਲਦੇ ਹਨ। 1.ਨਸੀਰਾਬਾਦ, 2.ਕੱਛੀ, 3.ਸਿੱਬੀ, 4.ਡੇਰ ਬੁਗਟੀ, 5.ਕੋਹਲੂ। **ਸੂਬਾ ਸਰਹੱਦ** -ਪੰਜਾਬੀਆਂ ਦੇ ਜੱਦੀ

ਸ਼ਹਿਰ ਇਹ ਹਨ :1. ਪਿਸ਼ਾਵਰ,
2.ਐਬਟਾਬਾਦ, 3.ਹਵੇਲੀਆਂ, 4.ਮਾਨਸਹਿਰਾ, 5.ਬਾਲਾਕੋਟ।"[17]

ਇਸ ਤੋਂ ਇਲਾਵਾ ਉਥੋਂ ਦੇ ਕੁਝ ਪਹਾੜੀ ਇਲਾਕਿਆਂ ਵਿੱਚ ਵੀ ਪੰਜਾਬੀ ਬੋਲੀ ਜਾਂਦੀ ਹੈ।ਪੂਰੇ ਜਿਲ੍ਹਾਂ ਹਜ਼ਾਰਾ ਵਿੱਚ ਵੀ ਹਜ਼ਾਰਵੀ ਲਹਿਜੇ ਨਾਲ ਪੰਜਾਬੀ ਬੋਲੀ ਜਾਂਦੀ ਹੈ।

ਭਾਰਤੀ ਪੰਜਾਬ ਦੀ ਟਕਸਾਲੀ ਭਾਸ਼ਾ ਮਾਝੀ ਉਪ-ਬੋਲੀ ਹੈ।ਇਸ ਤੋਂ ਇਲਾਵਾ ਇਥੋਂ ਦੀਆਂ ਉਪ-ਬੋਲੀਆਂ ਦੁਆਬੀ,ਮਲਵਈ,ਪੁਆਧੀ,ਡੋਗਰੀ ਤੇ ਕਾਂਗੜੀ ਹਨ। ਮਾਂਝੀ ਬੋਲੀ ਦੇ ਇਲਾਕੇ ਅੰਮ੍ਰਿਤਸਰ, ਤਰਨਤਾਰਨ ਤੇ ਗੁਰਦਾਸਪੁਰ ਆਦਿ ਹਨ।ਮਲਵਈ ਦੇ ਇਲਾਕੇ ਲੁਧਿਆਣਾ,ਫਿਰੋਜ਼ਪੁਰ,ਫਰੀਦਕੋਟ,ਮੋਗਾ,ਮੁਕਤਸਰ, ਬਠਿੰਡਾ,ਸੰਗਰੂਰ ,ਮਾਨਸਾ,ਫਤਿਹਗੜ੍ਹ ਤੇ ਪਟਿਆਲੇ ਦੇ ਕੁਝ ਇਲਾਕੇ ਹਨ। ਮਾਲਵੇ ਦਾ ਖੇਤਰ ਕਾਫ਼ੀ ਵੱਡਾ ਹੈ।ਦੁਆਬੀ ਦੇ ਇਲਾਕੇ ਜਲੰਧਰ,ਕਪੂਰਥਲਾ ਤੇ ਹੁਸ਼ਿਆਰਪੁਰ ਹਨ।ਪੁਆਧੀ ਰੋਪੜ,ਪਟਿਆਲਾ,ਸੰਗਰੂਰ ਤੇ ਅੰਬਾਲਾ ਦੇ ਕੁਝ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।ਡੋਗਰੀ ਬੋਲੀ ਜੰਮੂ ਤੇ ਕਾਂਗੜਾ ਦੇ ਕੁਝ ਇਲਾਕਿਆਂ ਵਿੱਚ ਬੋਲੀ ਜਾਂਦੀ ਹੈ।ਕਾਂਗੜੀ ਬੋਲੀ ਕਾਂਗੜੇ ਦੇ ਇਲਾਕੇ ਵਿੱਚ ਹੀ ਬੋਲੀ ਜਾਂਦੀ ਹੈ।ਇਹਨਾਂ ਬੋਲੀਆਂ ਨੂੰ ਪੰਜਾਬੀ ਦੀਆਂ ਉਪ ਬੋਲੀਆਂ ਇਸ ਲਈ ਮੰਨਿਆ ਗਿਆ ਹੈ ਕਿ ਕਿਉਂਕਿ ਇਹਨਾਂ ਦੇ ਸ਼ਬਦ ਪੰਜਾਬੀ ਨਾਲ ਕਾਫ਼ੀ ਮੇਲ ਖਾਂਦੇ ਹਨ ।ਡਾ: ਹਰੀਕਰਤ ਸਿੰਘ ਨੇ ਕਿਹਾ ਹੈ "...(ਚੰਡੀਗੜ੍ਹ) ਇਸ ਦੇ ਚੁਫੇਰੇ ਵਸਦੇ ਪਿੰਡ ਭਾਵੇਂ ਉਹ ਪੰਜਾਬ ਵਿੱਚ ਹਨ ਜਾਂ ਹਰਿਆਣੇ ਤੇ ਹਿਮਾਚਲ ਵਿੱਚ, ਸਪੱਸ਼ਟ ਪੰਜਾਬੀ ਬੋਲਦੇ ਹਨ।"[18] ਹਿਮਾਚਲ ਤੇ ਹਰਿਆਣੇ ਤੋਂ ਇਲਾਵਾ ਗੱਲ ਕਰੀਏ ਜੰਮੂ-ਕਸ਼ਮੀਰ ਦੀ ਤਾਂ ਇੱਥੇ ਵੀ ਬਹੁਤ ਲੋਕ ਪੰਜਾਬੀ ਬੋਲਦੇ ਹਨ।

ਸਿਆਣਿਆਂ ਦੀ ਇੱਕ ਕਹਾਵਤ ਹੈ ਕਿ ਪੰਜਾਬੀ ਤਾਂ ਬਾਰ੍ਹਾਂ ਕੋਹਾਂ ਤੇ ਹੀ ਬਦਲ ਜਾਂਦੀ ਹੈ ਇਹ ਗੱਲ ਬਿਲਕੁਲ ਸੱਚ ਹੈ ।ਪ੍ਰੋ. ਉਜਲ ਸਿੰਘ ਬਾਹਰੀ ਲਿਖਦੇ ਹਨ-

"ਪੁਣਛੀ ਤੇ ਡੋਗਰੀ ਜੰਮੂ-ਕਸ਼ਮੀਰ ਦੇ ਜੰਮੂ ਪ੍ਰਾਂਤ ਦੀਆਂ ਪ੍ਰਮੁੱਖ ਪਹਾੜੀ ਬੋਲੀਆਂ ਹਨ।ਜਿਨ੍ਹਾਂ ਦਾ ਸਾਂਝਾ ਸੰਬੰਧ ਪੰਜਾਬੀ ਭਾਸ਼ਾ ਨਾਲ ਭਾਸ਼ਾ ਅਤੇ ਉਪ-ਭਾਸ਼ਾ ਵਾਲਾ ਹੈ।"[19]
ਇਸ ਤੋਂ ਅਸੀਂ ਅੰਦਾਜਾ ਲਗਾ ਹੀ ਸਕਦੇ ਹਾਂ ਕਿ ਪੰਜਾਬੀ ਦਾ ਪ੍ਰਸਾਰ ਖੇਤਰ ਵੀ ਕਾਫ਼ੀ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਵੱਡਾ ਹੈ।ਦਿੱਲੀ ਵਿੱਚ ਵੀ ਬਹੁਤ ਪੰਜਾਬੀ ਵੱਸਦੇ ਹਨ ਉੱਥੇ ਵੀ ਪੰਜਾਬੀ ਬੋਲੀ ਜਾਂਦੀ ਹੈ। ਪੰਜਾਬੀ ਦੇ ਸਮੇਂ ਦੇ ਹਾਲਤਾਂ ਬਾਰੇ ਅਸੀਂ ਸਾਰੇ ਜਾਣਦੇ ਹੀ ਆ ।ਭਾਵੇਂ ਪਾਕਿਸਤਾਨ ਪੰਜਾਬ ਦੀ ਭਾਸ਼ਾ ਸ਼ਾਹਮੁਖੀ ਰਹੀ ਹੋਵੇ ਪਰ ਉਥੋਂ ਦੇ "ਲਹਿੰਦੇ ਪੰਜਾਬ ਵਿੱਚ ਪੰਜਾਬੀ ਦੀ ਹਾਲਤ ਕਿਸੇ ਹਾਰੀ ਹੋਈ ਕੌਮ ਦੀ ਭਾਸ਼ਾ ਵਰਗੀ ਹੈ।ਪੰਜਾਬ ਦੀ ਅਸੈਂਬਲੀ ਵਿੱਚ, ਪੰਜਾਬ ਦੇ ਹੀ ਕਿਸੇ ਮੈਂਬਰ ਨੇ ਆਪਣੀ ਬੋਲੀ ਪੰਜਾਬੀ ਵਿੱਚ ਬੋਲਣਾ ਹੋਵੇ ਤਾਂ ਉਸ ਨੂੰ ਸਪੀਕਰ ਪਾਸੋਂ ਲਿਖ ਕੇ ਅਗਾਂਹ ਆਗਿਆ ਲੈਣੀ ਪੈਂਦੀ ਹੈ।ਪੰਜਾਬ ਸਰਕਾਰ ਦੇ ਸਲਾਨਾ ਬਜਟ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੋਈ ਰਕਮ ਰਾਖਵੀਂ ਨਹੀਂ ਰੱਖੀ ਜਾਂਦੀ। ਮਾਂ ਬੋਲੀ ਦੀ ਥਾਂ ਪਹਿਲੀ ਜਮਾਤ ਤੋਂ ਉਰਦੂ ਜ਼ਬਾਨ ਪੜ੍ਹਾਈ ਜਾਂਦੀ ਹੈ।"[20]

ਪਾਕਿਸਤਾਨ ਦੀਆਂ ਕਈ ਹਸਤੀਆਂ ਨੇ ਪੰਜਾਬੀ ਦੀ ਸਹੀ ਜੁਬਾਨ ਗੁਰਮੁਖੀ ਦੀ ਮੰਗ ਵੀ ਕੀਤੀ ਹੈ ਤੇ ਕਈ ਯਤਨ ਵੀ ਕੀਤੇ ਹਨ ਕਿ ਉਥੋਂ ਦੀ ਰਾਜ ਭਾਸ਼ਾ ਗੁਰਮੁਖੀ ਹੀ ਹੋਵੇ। ਭਾਰਤੀ ਪੰਜਾਬ ਵਿੱਚ ਪੰਜਾਬੀ ਦੀ ਹਾਲਤ ਭਾਵੇਂ ਪਾਕਿਸਤਾਨੀ ਪੰਜਾਬੀ ਨਾਲੋਂ ਕਾਫ਼ੀ ਚੰਗੀ ਹੈ ਪਰ ਅੰਗਰੇਜ਼ੀ ਸਕੂਲਾਂ ਦੀ ਆਮਦ ਨੇ ਪੰਜਾਬੀ ਦੀ ਅਹਿਮੀਅਤ ਨੂੰ ਕਾਫ਼ੀ ਘਟਾ ਦਿੱਤਾ ਹੈ।ਅੰਗਰੇਜ਼ੀ ਸਕੂਲਾਂ ਵਿੱਚ ਤਾਂ ਬੱਚਿਆਂ ਨੂੰ ਪੰਜਾਬੀ ਤੋਂ ਨਫ਼ਰਤ ਹੁੰਦੀ ਜਾਪਦੀ ਹੈ।ਜੇਕਰ ਇੰਝ ਹੁੰਦਾ ਰਿਹਾ ਤਾਂ ਹੋ ਸਕਦਾ ਪੰਜਾਬੀ ਹੀ ਪੰਜਾਬੀ ਬੋਲਣੀ ਭੁੱਲ ਜਾਣ।ਇਸ ਲਈ ਪੰਜਾਬੀ ਦਾ ਪ੍ਰਸਾਰ ਅੰਗਰੇਜ਼ੀ ਸਕੂਲਾਂ ਵਿੱਚ ਵੀ ਜ਼ਰੂਰੀ ਹੈ।ਉਥੇ ਵੀ ਇਹ ਭਾਸ਼ਾ ਉਨ੍ਹੇ ਹੀ ਪਿਆਰ ਨਾਲ ਪੜ੍ਹਾਉਣੀ ਤੇ ਲਿਖਾਉਣੀ ਜ਼ਰੂਰੀ ਹੈ ਜਿੰਨ੍ਹੇ ਨਾਲ ਉਹ ਅੰਗਰੇਜ਼ੀ ਪੜ੍ਹਾਉਂਦੇ ਹਨ।ਪੰਜਾਬੀ ਭਾਸ਼ਾ ਦੇ ਪ੍ਰਸਾਰ ਲਈ 'ਪੰਜਾਬੀ ਯੂਨੀਵਰਸਿਟੀ

ਪਟਿਆਲਾ' ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਜੋ ਹਾਲੇ ਵੀ ਜਾਰੀ ਹੈ। ਪਾਕਿਸਤਾਨੀ ਪੰਜਾਬੀ ਇਹ ਯਤਨ ਕਰ ਰਹੇ ਹਨ ਕਿ ਉਹਨਾਂ ਦੀ ਲਿੱਪੀ ਵੀ ਗੁਰਮੁਖੀ ਹੋਵੇ ਕਿਉਂਕਿ ਉਹ ਖੁਦ ਮੰਨਦੇ ਹਨ ਕਿ ਪੰਜਾਬੀ ਭਾਸ਼ਾ ਲਈ ਵਧੇਰੇ ਢੁਕਵੀਂ ਲਿੱਪੀ ਗੁਰਮੁਖੀ ਹੀ ਹੈ।ਉਥੋਂ ਦੇ ਕੁਝ ਅਦਾਰਿਆਂ ਵਿੱਚ ਵੀ ਗੁਰਮੁਖੀ ਸਿਖਾਈ ਜਾਂਦੀ ਹੈ ਤੇ ਭਾਰਤੀ ਪੰਜਾਬ ਵਿੱਚ ਵੀ ਸ਼ਾਹਮੁਖੀ ਸਿੱਖਣ ਦਾ ਚਾਹਵਾਨ ਇਸ ਲਿੱਪੀ ਨੂੰ ਸਿੱਖ ਸਕਦਾ ਹੈ।ਪੁਰਾਤਨ ਲਿੱਖੇ ਹੋਏ ਸਾਹਿਤ ਦੀ ਸੰਭਾਲ ਵੀ ਬਹੁਤ ਜ਼ਰੂਰੀ ਹੈ ਚਾਹੇ ਉਹ ਗੁਰਮੁਖੀ ਵਿੱਚ ਹੋਵੇ ਚਾਹੇ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਸ਼ਾਹਮੁਖੀ ਵਿੱਚ। ”ਪੰਜਾਬੀ ਬੋਲੀ ਵਾਂਗ ਹੀ ਪੰਜਾਬੀ ਸਾਹਿਤ ਵੀ ਸਾਂਝੀ ਕੌਮੀਅਤ ਉਸਾਰੀ ਦਾ ਸੰਦ ਬਣਨਾ ਚਾਹੀਦਾ ਹੈ, ਨਾ ਕਿ ਸੰਪਰਦਾਇਕ ਵੰਡੀਆਂ ਨੂੰ ਪੱਕਾ ਕਰਨ ਦਾ।”21

ਸਾਨੂੰ ਕਿਸੇ ਬੋਲੀ ਦੀ ਥੋਪ ਨੂੰ ਪ੍ਰਵਾਨ ਨਹੀਂ ਕਰਨਾ ਚਾਹੀਦਾ।ਆਪਣੀ ਮਾਂ-ਬੋਲੀ ਨੂੰ ਹੀ ਪਹਿਲ ਦੇ ਆਧਾਰ ਤੇ ਲੈਣਾ ਚਾਹੀਦਾ ਹੈ।ਪਾਕਿਸਤਾਨੀ ਪੰਜਾਬੀ ਵੀ ਜੋ ਯਤਨ ਕਰ ਰਹੇ ਹਨ ਹੋ ਸਕਦਾ ਉੱਥੇ ਆਉਣ ਵਾਲੇ ਸਮੇਂ ਵਿੱਚ ਗੁਰਮੁਖੀ ਲਿੱਪੀ ਹੀ ਲਾਗੂ ਹੋ ਜਾਵੇ।ਪਰ ਚੜ੍ਹਦੇ ਪੰਜਾਬੀਓ ਤੁਹਾਨੂੰ ਵੀ ਇਸ ਗੱਲ ਨੂੰ ਸਮਝਣਾ ਪਵੇਗਾ ਕਿ ਤੁਸੀਂ ਹੀ ਆਪਣੀ ਭਾਸ਼ਾ ਨੂੰ ਸੰਭਾਲਣਾ ਹੈ ਜੇਕਰ ਅੰਗਰੇਜ਼ੀ ਦਾ ਪਸਾਰਾ ਇੰਝ ਹੀ ਹੁੰਦਾ ਰਿਹਾ ਤਾਂ ਹੋ ਸਕਦਾ ਸਮੇਂ ਦੀਆਂ ਸਰਕਾਰਾਂ ਵੀ ਸਾਨੂੰ ਕੋਈ ਰਾਹ ਨਾ ਦੇਣ।ਜਿਸ ਪੰਜਾਬੀ ਨੂੰ ਇੰਨੇ ਸੰਘਰਸ਼ ਵਿੱਚੋਂ ਲੰਘਣਾ ਪਿਆ ਉਸ ਦੀ ਲਾਜ ਹੁਣ ਸਾਡੇ ਹੱਥ ਵਿੱਚ ਹੈ।ਪੰਜਾਬੀ ਬੋਲਣ ਵਿੱਚ ਹਿਚਕਚਾਹਟ ਹੀ ਸਾਡੀ ਬੋਲੀ ਨੂੰ ਪਿੱਛੇ ਧੱਕ ਰਹੀ ਹੈ ਜੇਕਰ ਅਸੀਂ ਬੋਲਾਂਗੇ ਨਹੀਂ ਤਾਂ ਲਿਖਣਾ ਵੀ ਭੁੱਲ ਜਾਵਾਂਗੇ ਇਸ ਲਈ ਆਪਣੀ ਭਾਸ਼ਾ ਨੂੰ ਕੌਮੀ ਭਾਸ਼ਾ ਮੰਨ ਕੇ ਉਸ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ਤਾਂ ਕਿ ਇਹ ਆਉਣ ਵਾਲੇ ਸਮੇਂ ਵਿੱਚ ਹੋਰ ਬੁਲੰਦੀਆਂ ਨੂੰ ਛੂਹ ਕੇ ਹੋਰ ਵੀ ਵਿਕਸਿਤ ਹੋਵੇ।

ਹਰਜਿੰਦਰ ਕੌਰ

ਪੰਜਾਬੀ ਖੋਜ ਵਿਦਿਆਰਥੀ

(ਸੀ.ਟੀ.ਯੂਨੀਵਰਸਿਟੀ ਲੁਧਿਆਣਾ)

## ਹਵਾਲੇ

1 ਜੇ.ਬੀ.ਐਸ.ਨੰਦਾ, ’ਪੰਜਾਬੀ ਸਾਹਿਤ ਅਧਿਐਨ’ ਪੰਨਾ ਨੰ. 253

2 ਬੂਟਾ ਸਿੰਘ ਬਰਾੜ, ’ਪੰਜਾਬੀ ਭਾਸ਼ਾ ਸਾਹਿਤ ਤੇ ਸਰੂਪ’ ਪੰਨਾ ਨੰ. 83

3 ਪ੍ਰੋ. ਪ੍ਰੀਤਮ ਸਿੰਘ, ’ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸ਼ੀ ਪ੍ਰਭਾਵ’ ਪੰਨਾ ਨੰ. 22

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

4 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਤੇ ਪੰਜਾਬੀ ਉੱਤੇ ਪਏ ਬਦੇਸ਼ੀ ਪ੍ਰਭਾਵ' ਪੰਨਾ ਨੰ. 28

5 ਅਬੁੱਲ-ਇਰਫ਼ਾਨ, 'ਇਸਲਾਮੀ ਉਲੂਮ -ਵ-ਫ਼ਨੂਨ ਹਿੰਦੋਸਤਾਨ ਮੇਂ" ਪੰਨਾ ਨੰ. 35

6 ਪ੍ਰੋ. ਪਿਆਰਾ ਸਿੰਘ ਪਦਮ, 'ਪੰਜਾਬੀ ਬੋਲੀ ਦਾ ਇਤਿਹਾਸ' ਪੰਨਾ ਨੰ. 186

7 ਪ੍ਰੋ. ਪਿਆਰਾ ਸਿੰਘ ਪਦਮ, 'ਗੁਰਮੁਖੀ ਲਿੱਪੀ ਦਾ ਇਤਿਹਾਸ' ਪੰਨਾ ਨੰ. 46

8 ਡਾ. ਮੋਹਨ ਸਿੰਘ ਦੀਵਾਨਾ, 'ਜਪੁ ਭਾਖਾ ਤੇ ਛੰਦਾਬਾਦੀ' ਪੰਨਾ ਨੰ. 36

9 ਪ੍ਰੋ. ਪਿਆਰਾ ਸਿੰਘ ਪਦਮ, 'ਗੁਰਮੁਖੀ ਲਿੱਪੀ ਦਾ ਇਤਿਹਾਸ' ਪੰਨਾ ਨੰ. 58

10 ਬੂਟਾ ਸਿੰਘ ਬਰਾੜ, 'ਪੰਜਾਬੀ ਭਾਸ਼ਾ ਸਰੋਤ ਤੇ ਸਰੂਪ' ਪੰਨਾ ਨੰ. 88

11 ਡਾ. ਮੋਹਨ ਸਿੰਘ ਦੀਵਾਨਾ, 'ਏ ਹਿਸਟਰੀ ਔਫ਼ ਪੰਜਾਬੀ ਲਿਟਰੇਚਰ' ਪੰਨਾ ਨੰ. 47

12 ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਡਾ. ਪਰਮਿੰਦਰ ਸਿੰਘ, 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪੰਨਾ ਨੰ. 183

13 ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਡਾ. ਪਰਮਿੰਦਰ ਸਿੰਘ, 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪੰਨਾ ਨੰ. 185

13

14 ਪ੍ਰੋ. ਪਿਆਰਾ ਸਿੰਘ ਪਦਮ, 'ਗੁਰਮੁਖੀ ਲਿੱਪੀ ਦਾ ਇਤਿਹਾਸ' ਪੰਨਾ ਨੰ.89

15 ਪ੍ਰੋ. ਕਿਰਪਾਲ ਸਿੰਘ ਕਸੇਲ ਤੇ ਡਾ. ਪਰਮਿੰਦਰ ਸਿੰਘ, 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' ਪੰਨਾ ਨੰ. 440

16 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਪੰਜਾਬੀ ਤੇ ਪੰਜਾਬੀਅਤ' ਪੰਨਾ ਨੰ. 83

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

17 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਪੰਜਾਬੀ ਤੇ ਪੰਜਾਬੀਅਤ' ਪੰਨਾ ਨੰ. 26

18 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਪੰਜਾਬੀ ਤੇ ਪੰਜਾਬੀਅਤ' ਪੰਨਾ ਨੰ. 23

19 ਉੱਜਲ ਸਿੰਘ ਬਾਹਰੀ ਤੇ ਡਾ. ਹਰਕੀਰਤ ਸਿੰਘ, 'ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ' ਪੰਨਾ ਨੰ. 183

20 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਪੰਜਾਬੀ ਤੇ ਪੰਜਾਬੀਅਤ' ਪੰਨਾ ਨੰ. 14

21 ਪ੍ਰੋ. ਪ੍ਰੀਤਮ ਸਿੰਘ, 'ਪੰਜਾਬ ਪੰਜਾਬੀ ਤੇ ਪੰਜਾਬੀਅਤ' ਪੰਨਾ ਨੰ. 122